# 18

# ਚੰਗੇ ਆਗੂਆਂ ਦੀ ਬੇਹੱਦ ਲੋੜ

## (6:3-7)

ਯੂਨਾਨੀ ਭਾਸ਼ਾ ਬੋਲਣ ਵਾਲਿਆਂ ਦੀਆਂ ਵਿਧਵਾਵਾਂ ਯਰੂਸ਼ਲਮ ਦੀ ਕਲੀਸੀਆ ਦੀਆਂ ਤਰੇੜਾਂ ਵਿੱਚੋਂ ਦੀ ਡਿੱਗ ਰਹੀਆਂ ਸਨ। ਜੇ ਰਸੂਲਾਂ ਨੇ ਹਲਾਤ ਨੂੰ ਸਹੀ ਢੰਗ ਨਾਲ ਨਾ ਨਜਿੱਠਿਆ ਹੁੰਦਾ ਤਾਂ ਇਸ ਦੇ ਦੂਰ ਤਕ ਅਸਰ ਕਰਨ ਵਾਲੇ ਬੜੇ ਖ਼ਤਰਨਾਕ ਨਤੀਜੇ ਹੋ ਸਕਦੇ ਸਨ। ਪਿਛਲੇ ਪਾਠ ਵਿਚ ਅਸੀਂ ਵੇਖਿਆ ਸੀ ਕਿ ਮੁਸ਼ਕਲ ਵੇਲੇ ਚੰਗੇ ਆਗੂ ਕਿਵੇਂ ਕੰਮ ਕਰਦੇ ਹਨ। ਅਸੀਂ ਸੁਝਾਅ ਦਿੱਤਾ ਸੀ ਕਿ (1) ਚੰਗੇ ਆਗੂ ਮੁਸ਼ਕਲਾਂ ਨਾਲ ਹੁਸ਼ਿਆਰੀ ਨਾਲ ਫ਼ੌਰਨ ਨਜਿੱਠ ਲੈਂਦੇ ਹਨ, (2) ਚੰਗੇ ਆਗੂ ਮੰਡਲੀ ਨੂੰ ਨਾਲ ਲੈ ਕੇ ਚੱਲਦੇ ਹਨ, ਅਤੇ (3) ਚੰਗੇ ਆਗੂ ਜ਼ਿੰਮੇਵਾਰੀ ਤੈਅ ਕਰ ਦਿੰਦੇ ਹਨ। ਕਲੀਸੀਆ ਦੀ ਸਭ ਤੋਂ ਵੱਡੀ ਲੋੜ ਚੰਗੇ ਰਹਿਨੁਮਾ ਦਾ ਹੋਣਾ ਹੈ। ਰਸੂਲਾਂ ਦੇ ਕੰਮ 6 ਅਧਿਆਇ ਵਿਚ ਅਸੀਂ ਵੇਖਦੇ ਹਾਂ ਕਿ ਆਇਤ 3 ਤੋਂ 7 ਵਿਚ ਚੰਗੀ ਅਗਵਾਈ ਦੇ ਹੋਰ ਕਿਹੜੇ ਸਿਧਾਂਤ ਮਿਲ ਸਕਦੇ ਹਨ।

### ਚੰਗੇ ਆਗੂ ਲੋਕਾਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਕ ਕੰਮ ਵੰਡ ਦਿੰਦੇ ਹਨ (6:3)

ਚੰਗੇ ਆਗੂ ਸਾਰੇ ਕੰਮ ਆਪੇ ਕਰਨ ਦੀ ਕੋਸ਼ਿਸ਼ ਤਾਂ ਨਹੀਂ ਕਰਦੇ ਪਰ ਉਹ ਕੁਝ ਖ਼ਾਸ ਆਦਮੀਆਂ ਨੂੰ ਉਸ ਕੰਮ ਤੇ ਲਗਾ ਕੇ ਉਨ੍ਹਾਂ ਨੂੰ ਉਸ ਦੀ ਜ਼ਿੰਮੇਵਾਰੀ ਦੇ ਕੇ ਕੰਮ ਕੀਤੇ ਜਾਣ ਨੂੰ ਯਕੀਨੀ ਬਣਾਉਂਦੇ ਹਨ। ''ਸਾਂਝਾ ਕੰਮ ਕਿਸੇ ਦਾ ਕੰਮ ਨਹੀਂ ਹੁੰਦਾ।'' ਠਹਿਰਾਏ ਹੋਏ ਕੰਮਾਂ ਨੂੰ ਕਰਨ ਲਈ ਲੋਕਾਂ ਨੂੰ ਨਿਯੁਕਤ ਕਰਕੇ ਜ਼ਿਮੇਵਾਰੀ ਦੱਸਣਾ ਜ਼ਰੂਰੀ ਹੈ। ਰਸੂਲਾਂ ਨੇ ਮੰਡਲੀ ਵਿੱਚੋਂ ਖ਼ਾਸ ਕੰਮ (ਖੁਆਉਣ ਪਿਆਉਣ ਦੀ ਸੇਵਾ) ਕਰਨ ਲਈ ਖ਼ਾਸ (ਗਿਣਤੀ ਵਿਚ ਸੱਤ) ਆਦਮੀਆਂ ਨੂੰ ਚੁਣਨ ਲਈ ਕਿਹਾ।

ਇਹਦਾ ਮਤਲਬ ਇਹ ਨਹੀਂ ਕਿ ਕਿਸੇ ਨੂੰ ਵੀ ਉਸ ਕੰਮ ਨੂੰ ਕਰਨ ਲਈ ਠਹਿਰਾਇਆ ਜਾ ਸਕਦਾ ਸੀ। ਚੁਣੇ ਜਾਣ ਵਾਲੇ ਆਦਮੀਆਂ ਲਈ ਯੋਗ ਹੋਣਾ ਜ਼ਰੂਰੀ ਸੀ। ''ਖੁਆਉਣ ਪਿਆਉਣ ਦੀ ਸੇਵਾ'' ਲਈ ਚੁਣੇ ਜਾਣ ਵਾਲੇ ਆਦਮੀਆਂ ਵਿਚ ਕੀ ਯੋਗਤਾਵਾਂ ਹੋਣੀਆਂ ਜ਼ਰੂਰੀ ਸਨ? ਭਲਾ ਉਨ੍ਹਾਂ ਲਈ ਚੰਗੇ ਲਾਂਗਰੀ ਹੋਣਾ ਜਰੂਰੀ ਸੀ? ਉਨ੍ਹਾਂ ਲਈ ਸਿਹਤਮੰਦ ਹੋਣਾ ਜ਼ਰੂਰੀ ਸੀ ਤਾਂ ਜੋ ਉਹ ਸਮਾਨ ਦੀਆਂ ਭਰੀਆਂ ਬੋਰੀਆਂ ਚੁੱਕ ਸਕਦੇ? ਉਨ੍ਹਾਂ ਨੂੰ ਭਾਰ ਤੋਲਣ ਦੀ ਸਮਝ

ਹੋਣੀ ਜ਼ਰੂਰੀ ਸੀ ਤਾਂ ਜੋ ਹਰ ਹੱਥ ਵਿਚ ਤਜ਼ਰਬੇਕਾਰ ਵੇਟਰਾਂ (ਬੈਹਰਿਆਂ) ਵਾਂਗ ਖਾਣੇ ਦੀਆਂ ਤਿੰਨ ਚਾਰ ਥਾਲੀਆਂ ਲੈ ਕੇ ਜਾ ਸਕਦੇ? ਯਕੀਨਨ ਹੀ ਸਾਨੂੰ ਪਤਾ ਹੈ ਕਿ ''ਖੁਆਉਣ ਪਿਆਉਣ'' ਦੀ ਸੇਵਾ ਲਈ ਇਹਦੀ ਲੋੜ ਨਹੀਂ ਸੀ। ''ਖੁਆਉਣ ਪਿਆਉਣ'' ਨੂੰ ''ਦਿਨ ਦਿਨ ਦੀ ਟਹਿਲ'' ਕਿਹਾ ਗਿਆ ਹੈ (ਆਇਤ 1)। ਮੈਂ ਸਿਰਫ਼ ਇਹ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਇਸ ਕੰਮ ਲਈ ਸਰੀਰਕ ਕੰਮ ਜ਼ਰੂਰੀ ਸੀ ਪਰ ਯੋਗਤਾਵਾਂ ਵਿਚ ਜਿਨ੍ਹਾਂ ਗੱਲਾਂ ਤੇ ਜ਼ੋਰ ਦਿੱਤਾ ਗਿਆ ਸੀ ਉਹ ਬਾਹਰੀ ਨਹੀਂ ਸਗੋਂ ਅੰਦਰੂਨੀ ਯਾਨੀ ਜਿਸਮਾਨੀ ਨਹੀਂ ਸਗੋਂ ਰੂਹਾਨੀ ਸਨ।

ਪਹਿਲੀ ਯੋਗਤਾ ਇਹ ਸੀ ਕਿ *ਆਦਮੀ* ਚੁਣੇ ਜਾਣੇ ਸਨ, ਔਰਤਾਂ ਨਹੀਂ। ਆਪਣੀ ਕਲੀਸੀਆ ਲਈ ਖ਼ੁਦਾ ਦੀ ਯੋਜਨਾ ਲੀਡਰਸ਼ਿਪ ਦੇ ਅਹੁਦਿਆਂ ਤੇ *ਬੰਦਿਆਂ* ਨੂੰ ਲਾਉਣ ਦੀ ਹੀ ਸੀ।[1]

ਦੂਜੀ ਯੋਗਤਾ ਇਹ ਸੀ ਕਿ ਇਨ੍ਹਾਂ ਪੁਰਖਾਂ ਦੇ ਮਨ ਸੇਵਾ ਕਰਨ ਵਾਲੇ ਹੋਣੇ ਜ਼ਰੂਰੀ ਸਨ। ਉਨ੍ਹਾਂ ਨੇ ''ਖਾਣਾ ਵਰਤਾਉਣ ਦੀ ਸੇਵਾ'' ਲਈ ਜ਼ਿੰਮੇਵਾਰ ਹੋਣਾ ਸੀ; ਉਨ੍ਹਾਂ ਨੇ ''ਖੁਆਉਣ ਪਿਆਉਣ'' ਦੀ ਸੇਵਾ ਕਰਨੀ ਸੀ। ''ਟਹਿਲ'' ਅਤੇ ''ਸੇਵਾ'' ''ਸੇਵਕ'' ਲਈ ਯੂਨਾਨੀ ਸ਼ਬਦ ਡਾਇਕੋਨੋਸ ਤੋਂ ਅਨੁਵਾਦ ਕੀਤਾ ਗਿਆ ਹੈ, ''ਸੇਵਕ'' ਸ਼ਬਦ ਸਾਨੂੰ ਅੰਗ੍ਰੇਜ਼ੀ ਦੇ ''ਡੀਕਨ'' ਤੋਂ ਮਿਲਿਆ ਹੈ।

ਸਦੀਆਂ ਤੋਂ ਇਸ ਤੇ ਬਹੁਤ ਚਰਚਾ ਰਹੀ ਹੈ ਕਿ ਉਹ ''ਪਹਿਲੇ ਡੀਕਨ'' ਹੈ ਵੀ ਸਨ ਜਾਂ ਨਹੀਂ। ਦੋਵੇਂ ਪਾਸਿਓਂ ਚੰਗੇ ਮੁਲਾਂਕਣ ਕੀਤੇ ਗਏ ਹਨ। ਇਕ ਪੱਖ ਦੀ ਟਿੱਪਣੀ ਹੈ ਕਿ ''ਡੀਕਨ'' ਦੀ ਕਿਰਿਆ ਦੇ ਰੂਪ ਵਿਚ ਵਰਤੋਂ ਕੀਤੀ ਗਈ *ਹੈ* ਅਤੇ ਇਹ ਕਿ ਜੇ ਇਹ ਲੋਕ ਡੀਕਨ ਨਹੀਂ ਸਨ ਤਾਂ ਸਾਡੇ ਕੋਲ ਕੋਈ ਅਜਿਹਾ ਅਹੁਦਾ ਨਹੀਂ ਹੈ ਕਿ ਜਿਸ ਨਾਲ ਇਹ ਸਪਸ਼ਟ ਹੋ ਜਾਵੇ ਕਿ ਡੀਕਨਾਂ ਦਾ ਖ਼ਾਸ ਕੰਮ ਕੀ ਹੈ। ਦੂਜਾ ਪੱਖ ਟਿੱਪਣੀ ਕਰਦਾ ਹੈ ਕਿ ਇਹਨਾਂ ਲੋਕਾਂ ਨੂੰ ''ਡੀਕਨ''[2] ਨਹੀਂ ਕਿਹਾ ਗਿਆ ਅਤੇ ਇਹ ਵੀ ਕਿ ਉਨ੍ਹਾਂ ਦੀਆਂ ਯੋਗਤਾਵਾਂ ਉਹੀ ਨਹੀਂ ਸਨ ਜੋ ਡੀਕਨਾਂ ਵਿਚ ਹੋਣੀਆਂ ਜ਼ਰੂਰੀ ਹਨ (1 ਤਿਮੋਥਿਉਸ 3:8-13)।[3] ਫਿਰ ਇਹ ਧਿਰ ਸਵਾਲ ਕਰਦਾ ਹੈ ਕਿ ਕੀ ਐਲਡਰਾਂ ਦੇ ਬਿਨਾਂ ਡੀਕਨ ਦਾ ''ਅਹੁਦਾ'' ਹੋ ਵੀ ਸਕਦਾ ਹੈ (ਫ਼ਿਲਿੱਪੀਆਂ 1:1; 1 ਤਿਮੋਥਿਉਸ 3:1, 8)।[4] ਸ਼ਾਇਦ ਇਹੀ ਚੰਗਾ ਹੈ ਕਿ ਰਸੂਲਾਂ ਦੇ ਕੰਮ 6 ਦੇ ਪ੍ਰਬੰਧ ਨੂੰ ਵਿਸ਼ੇਸ਼ ਪ੍ਰਬੰਧ ਮੰਨਿਆ ਜਾਵੇ। ਉਨ੍ਹਾਂ ''ਬਾਰਾਂ'' (6:2) ਲਈ ''ਸੱਤਾਂ'' (21:8) ਦੀ ਮਦਦ ਲਈ ਇਕ ਆਰਜ਼ੀ ਪ੍ਰਬੰਧ ਸੀ ਜਿਹਦੀ ਥਾਂ ਬਾਅਦ ਵਿਚ ਐਲਡਰਾਂ ਅਤੇ ਡੀਕਨਾਂ ਦੇ ਠਹਿਰਾਏ ਜਾਣ ਨੇ ਲੈ ਲਈ (ਰਸੂਲਾਂ ਦੇ ਕੰਮ 11:30; 14:23; ਫ਼ਿਲਿੱਪੀਆਂ 1:1)। ਇਹਨਾਂ ਸੱਤ ਲੋਕਾਂ ਨੂੰ ਡੀਕਨਾਂ ਦਾ *ਮੋਹਰੀ* ਮੰਨਿਆ ਜਾ ਸਕਦਾ ਹੈ। ਇਸ ਆਇਤ 'ਚੋਂ ਅਸੀਂ ਡੀਕਨਾਂ ਦੇ ਕੰਮ ਬਾਰੇ ਬਹੁਤ ਕੁਝ ਸਿੱਖ *ਸਕਦੇ* ਹਾਂ।[5]

ਤੀਜਾ, ਧਿਆਨ ਦਿਓ ਕਿ ਇਹਨਾਂ ਪੁਰਖ ਸੇਵਕਾਂ ਵਿਚ ਕੁਝ ਖ਼ਾਸ *ਰੂਹਾਨੀ* ਗੁਣਾਂ ਦਾ ਹੋਣਾ ਜ਼ਰੂਰੀ ਸੀ। ਉਨ੍ਹਾਂ ਦਾ ''ਨੇਕ ਨਾਮ, ਪਵਿੱਤਰ ਆਤਮਾ ਅਤੇ ਬੁੱਧ ਨਾਲ ਭਰਪੂਰ'' ਹੋਣਾ ਜ਼ਰੂਰੀ ਸੀ। ''ਨੇਕ ਨਾਮ'' ਤੋਂ ਭਾਵ ਹੈ ਕਿ ਸਮਾਜ ਦੇ ਸਭ ਵਰਗਾਂ (ਖ਼ਾਸ ਕਰਕੇ ਮਸੀਹੀ ਸਮਾਜ) ਵਿਚ ਉਨ੍ਹਾਂ ਦੀ ਇੱਜ਼ਤ ਹੋਵੇ। ਇਹ ਵੀ ਜ਼ਰੂਰੀ ਸੀ ਕਿ ਉਨ੍ਹਾਂ ਦੇ ਚਾਲ ਚਲਣ ਚੰਗੇ ਹੋਣ ਕਿਉਂਕਿ ਯਿਸੂ ਦੇ ਕੰਮ ਨੂੰ ਕਰਦਿਆਂ ਉਨ੍ਹਾਂ ਨੇ ਯਿਸੂ ਅਤੇ ਉਹਦੀ ਕਲੀਸੀਆ ਦੀ ਨੁਮਾਇੰਦਗੀ ਕਰਨੀ ਸੀ। ਕਿਸੇ ਵੀ ਆਦਮੀ ਨੂੰ ਕਲੀਸੀਆ ਵਿਚ ''ਵੱਡੀ''[6] ਜ਼ਿੰਮੇਵਾਰੀ ਨਹੀਂ ਦਿੱਤੀ ਜਾਣੀ ਚਾਹੀਦੀ, ਜੇ ਉਸ ਦਾ ਜੀਵਨ ਉਹੋ ਜਿਹਾ ਨਹੀਂ ਹੈ ਜਿਹੋ ਜਿਹਾ ਹੋਣਾ ਚਾਹੀਦਾ ਹੈ।[7]

''ਆਤਮਾ ਨਾਲ ਭਰਪੂਰ'' ਹੋਣ ਤੋਂ ਭਾਵ ਹੈ ''ਆਤਮਾ ਦੇ ਵੱਸ ਵਿਚ।'' ਇਸ ਸੰਦਰਭ

ਵਿਚ ਇਹ ਅਚੰਭੇ ਕੰਮ ਕਰਨ ਦੀਆਂ ਯੋਗਤਾਵਾਂ ਨਹੀਂ ਹਨ।[8] ਇਸ ਯੋਗਤਾ ਤੋਂ ਇਹ ਸੰਕੇਤ ਮਿਲਿਆ ਕਿ ਇਹ ਉਹ ਲੋਕ ਸਨ ਜੋ ਰੂਹਾਨੀ ਤੌਰ ਤੇ ਪੱਕੇ ਸਨ। ਚੁਣੇ ਜਾਣ ਵਾਲੇ ਸਭ ਲੋਕਾਂ ਨੂੰ ਬਪਤਿਸਮੇ ਸਮੇਂ ਦਾਨ ਦੇ ਤੌਰ ਤੇ ਪਵਿੱਤਰ ਆਤਮਾ ਮਿਲਿਆ ਸੀ (ਰਸੂਲਾਂ ਦੇ ਕੰਮ 2:38)। ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਵਚਨ ਨੂੰ[9] ਸੁਣ ਸੁਣ ਕੇ ਅਤੇ ਉਹਦਾ ਹੁਕਮ ਮੰਨ ਕੇ ਉਨ੍ਹਾਂ ਨੇ ਆਤਮਾ ਨੂੰ ਆਪਣੀਆਂ ਜ਼ਿੰਦਗੀਆਂ ਨੂੰ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਸੀ। ਨਤੀਜੇ ਵਜੋਂ ਉਨ੍ਹਾਂ ਨੂੰ ''ਆਤਮਾ ਦਾ ਫ਼ਲ'' ਭਾਵ ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ (ਗਲਾਤੀਆਂ 5:22, 23) ਮਿਲਿਆ ਸੀ।[10]

''ਬੁੱਧ'' ਠਹਿਰਾਏ ਹੋਏ ਕੰਮ ਨੂੰ ਕਰਨ ਲਈ ਵਿਹਾਰਕ ਯੋਗਤਾ ਹੈ। ਹਜ਼ਾਰਾਂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ਾਇਦ ਚੰਗੀ ਸਮਝ ਅਤੇ ਆਮ ਗਿਆਨ ਦੀ ਲੋੜ ਸੀ। ਇਸ ਕੰਮ ਨੂੰ ਕਰਨ ਲਈ ਉਨ੍ਹਾਂ ਲੋਕਾਂ ਦੀ ਹੀ ਚੋਣ ਕੀਤੀ ਜਾਣੀ ਸੀ ਜਿਨ੍ਹਾਂ ਤੇ ਭਰੋਸਾ ਕੀਤਾ ਜਾ ਸਕਦਾ ਸੀ।

ਫੇਰ ਇਹਨਾਂ ਯੋਗਤਾਵਾਂ ਤੇ ਨਜ਼ਰ ਮਾਰਦੇ ਹਾਂ: ''ਨੇਕ ਨਾਮ ... ਆਤਮਾ ਅਤੇ ਬੁੱਧ ਨਾਲ ਭਰਪੂਰ।'' ਖ਼ਾਸ ਕਰਕੇ ਡੀਕਨਾਂ ਦੀ ''ਸੇਵਾ'' ਲਈ ਇਹਨਾਂ ਯੋਗਤਾਵਾਂ ਬਾਰੇ ਸੋਚਣ ਦੀ ਬਜਾਏ ਸਾਨੂੰ ਕਲੀਸੀਆ ਦੇ ਹਰੇਕ ਸੇਵਕ ਦੀਆਂ ਯੋਗਤਾਵਾਂ ਦੇ ਤੌਰ ਤੇ ਵੇਖਣਾ ਚਾਹੀਦਾ ਹੈ, ਉਹ ਪ੍ਰਚਾਰਕ ਹੋਵੇ, ਜਾਂ ਐਲਡਰ ਜਾਂ ਡੀਕਨ ਹੋਵੇ, ਜਾਂ ਬਾਈਬਲ ਸਿਖਾਉਣ ਵਾਲਾ, ਕਲੀਸੀਆ ਦਾ ਖ਼ਜ਼ਾਨਚੀ, ਜਾਂ ਪ੍ਰਾਰਥਨਾ ਭਵਨ ਦੀ ਸਾਫ਼ ਸਫ਼ਾਈ ਕਰਨ ਵਾਲਾ ਹੀ ਹੋਵੇ![11] ਜ਼ਿੰਮੇਵਾਰੀ ਭਾਵੇਂ ਕੋਈ ਵੀ ਦਿੱਤੀ ਜਾਵੇ, ਤੁਹਾਡਾ ਚਾਲ ਚਲਣ ਚੰਗਾ ਹੋਣਾ ਲਾਜ਼ਮੀ ਹੈ। ਇਕ ਮਸੀਹੀ ਹੋਣ ਕਰਕੇ ਤੁਹਾਨੂੰ ਤਰੱਕੀ ਕਰਨ ਵਾਲਾ, ਆਪਣੀ ਜ਼ਿੰਦਗੀ ਵਿਚ ਖ਼ੁਦਾ ਨੂੰ ਕੰਮ ਕਰਨ ਦੇਣ ਵਾਲਾ ਹੋਣਾ ਜ਼ਰੂਰੀ ਹੈ; ਤੁਹਾਨੂੰ ਚੰਗੀ ਸਮਝ ਵਾਲਾ ਆਦਮੀ ਬਣਨਾ ਚਾਹੀਦਾ ਹੈ ਜੋ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰੀਆਂ ਕਰਦਾ ਹੋਵੇ!

## ਚੰਗੇ ਆਗੂ ਉਨ੍ਹਾਂ ਨੂੰ ਦਿੱਤੇ ਕੰਮਾਂ ਦੇ ਮਹੱਤਵ ਤੇ ਜ਼ੋਰ ਦਿੰਦੇ ਹਨ (6:4)

ਆਗੂ ਸਹੀ ਕੰਮ ਲਈ ਢੁਕਵੇਂ ਲੋਕਾਂ ਦੀ ਤਲਾਸ਼ ਸ਼ੁਰੂ ਕਰਨ ਲੱਗਿਆਂ ਇਹ ਸਪਸ਼ਟ ਕਰਦੇ ਹਨ ਕਿ ਕੀਤਾ ਜਾਣ ਵਾਲਾ ਕੰਮ ਅਹਿਮ ਹੈ। ਕਈ ਵਾਰ ਰਸੂਲਾਂ ਦੇ ਸ਼ਬਦ ''ਅਸੀਂ ਪ੍ਰਾਰਥਨਾ ਵਿਚ ਅਰ ਵਚਨ ਦੀ ਸੇਵਾ ਵਿਚ ਲੱਗੇ ਰਹਾਂਗੇ'' ਦੀ ਵਰਤੋਂ ਇਹ ਅਰਥ ਦੇਣ ਲਈ ਕੀਤੀ ਜਾਂਦੀ ਹੈ ਕਿ ਖੁਆਉਣ ਪਿਆਉਣ ਦੀ ਸੇਵਾ ਇਕ ਨੀਚ ਕੰਮ ਸੀ। ਉਨ੍ਹਾਂ ਬਾਰਾਂ ਦੀ ਮਨਸ਼ਾ ਇਹ ਨਹੀਂ ਸੀ। ਇਹ ਗੱਲ ਕਿ ਉਨ੍ਹਾਂ ਨੇ ਕਲੀਸੀਆ ਦੀ ਖ਼ਾਸ ਸਭਾ ਬੁਲਾਈ ਅਤੇ ਸੱਤ ਆਦਮੀਆਂ ਨੂੰ ਚੁਣਨ ਦਾ ਇੰਤਜ਼ਾਮ ਕੀਤਾ, ਸਾਨੂੰ ਦੱਸਦੀ ਹੈ ਕਿ ਖੁਆਉਣ ਪਿਆਉਣ ਦੀ ਸੇਵਾ ਉਨ੍ਹਾਂ ਦੀ ਨਜ਼ਰ ਵਿਚ ਅਹਿਮ ਸੀ।

ਪੂਰੇ ਨਵੇਂ ਨੇਮ ਵਿਚ ਲੋੜਵੰਦਾ ਨੂੰ ਖਾਣਾ ਖੁਆਉਣ ਅਤੇ ਵਿਧਵਾਵਾਂ ਦੀ ਦੇਖਭਾਲ ਦੇ ਮਹੱਤਵ ਤੇ ਜ਼ੋਰ ਦਿੱਤਾ ਗਿਆ ਹੈ। ਨਿਆਂ ਵਾਲੇ ਦਿਨ ਯਿਸੂ ਕੁਝ ਲੋਕਾਂ ਨੂੰ ਕਹੇਗਾ, ''ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ। ਕਿਉਂ ਜੋ ਮੈਂ ਭੁੱਖਾ ਸਾਂ ਤੁਸਾਂ ਮੈਨੂੰ ਖਾਣ ਨੂੰ ਦਿੱਤਾ, ਮੈਂ ਤਿਹਾਇਆ ਸਾਂ ਅਤੇ ਤੁਸਾਂ ਮੈਨੂੰ ਪਿਆਇਆ'' (ਮੱਤੀ 25:34, 35)। ਯਾਕੂਬ ਨੇ ਜ਼ੋਰ ਦੇ ਕੇ ਕਿਹਾ ਕਿ ''ਸਾਡੇ ਪ੍ਰਮੇਸ਼ਵਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਕਿ

ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ'' (ਯਾਕੂਬ 1:27)।

ਮਸੀਹੀ ਵਿਅਕਤੀ ਦੇ ਮਕਸਦ ਨੂੰ ਪੂਰਾ ਕਰਨ ਲਈ ਕੋਈ ਕੰਮ ''ਵੱਡਾ'' ਜਾਂ ''ਛੋਟਾ'' ਨਹੀਂ ਹੈ; ਕੋਈ ਵੀ ਕੰਮ ''ਅਹਿਮ'' ਜਾਂ ''ਬੇਲੋੜਾ'' ਨਹੀਂ ਹੈ। ਯਿਸੂ ਨੇ ਕਿਹਾ, ''ਜੋ ਕੋਈ ... ਨਿਰਾ ਇਕ ਕਟੋਰਾ ਠੰਢੇ ਪਾਣੀ ਦਾ *ਪਿਆਵੇ* ... ਆਪਣਾ ਫਲ ਕਦੀ ਨਾ ਗੁਆਵੇਗਾ'' (ਮੱਤੀ 10:42)। ਤੁਸੀਂ ਖ਼ੁਦਾ ਅਤੇ ਇਨਸਾਨ ਦੀ ਸੇਵਾ ਵਿਚ ਜੋ ਕੁਝ ਵੀ ਕਰ ਰਹੇ ਹੋ, ਉਹ ਦਾ ਲਾਹਾ ਹੀ ਹੈ।

ਇਹ ਸੱਚ ਹੈ ਕਿ ਪ੍ਰਾਰਥਨਾ ਅਤੇ ਵਚਨ ਦੀ ਸੇਵਕਾਈ ਮਹੱਤਵਪੂਰਣ ਹੈ ਕਿਉਂਕਿ ਜੇ ਰੂਹਾਂ ਬਚਾਉਣੀਆਂ ਹਨ ਤਾਂ ਇਹ ਸੇਵਕਾਈਆਂ ਜ਼ਰੂਰੀ ਹਨ। ਪਰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ''ਖਿਲਾਉਣ ਪਿਲਾਉਣ ਦੀ ਸੇਵਾ'' ਅਤੇ ਇਹਦੇ ਵਰਗੀਆਂ ਹੋਰ ਜ਼ਿੰਮੇਵਾਰੀਆਂ ਦਾ ਮਹੱਤਵ ਵੀ ਘੱਟ ਨਹੀਂ ਹੈ। ਇਕ ਵਾਰ ਮੈਂ ਆਰਕੈਂਸਾ ਵਿਚ ਜੁਡਸੋਨੀਆ ਨਾਂ ਦੇ ਥਾਂ ਤੇ ਇਕ ਮੰਡਲੀ ਵਿਚ ਪ੍ਰਚਾਰ ਕੀਤਾ। ਇਕ ਆਦਮੀ ਨੇ ਗੀਤ ਗਾਉਣ ਵਿਚ ਰਹਿਨੁਮਾਈ ਕੀਤੀ, ਹੋਰਨਾਂ ਨੇ ਪ੍ਰਾਰਥਨਾ ਅਤੇ ਪ੍ਰਭੂ ਭੋਜ ਵਰਤਾਉਣ ਵਿਚ। ਭਲਾ ਉਸ ਬੰਦਗੀ ਨੂੰ ਸੰਭਵ ਬਣਾਉਣ ਲਈ ਸਿਰਫ਼ ਅਸੀਂ ਹੀ ਅਗਵਾਈ ਕੀਤੀ? ਨਹੀਂ। ਇਸ ਤੋਂ ਪਹਿਲਾਂ ਜਦ ਬੰਦਿਆਂ ਅਤੇ ਔਰਤਾਂ ਨੇ ਉਸ ਪ੍ਰਾਰਥਨਾ ਭਵਨ ਨੂੰ ਬਣਾਉਣ ਲਈ ਕੰਮ ਕੀਤਾ ਜਿਸ ਵਿਚ ਅਸੀਂ ਇਕੱਠੇ ਹੋਏ ਸਾਂ, ਤਾਂ ਕਿਸੇ ਨੇ ਬੈਠਣ ਲਈ ਬੈਂਚ ਦਿੱਤੇ ਹੋਣਗੇ ਜਿਨ੍ਹਾਂ ਤੇ ਅਸੀਂ ਬੈਠੇ ਸਾਂ ਅਤੇ ਉਹ ਗੀਤਾਂ ਦੀਆਂ ਕਿਤਾਬਾਂ ਜਿਨ੍ਹਾਂ ਨੂੰ ਵੇਖ ਕੇ ਅਸੀਂ ਗਾਇਆ। ਉਸ ਖ਼ਾਸ ਬੰਦਗੀ ਦੀ ਤਿਆਰੀ ਲਈ ਇਕ ਮਸੀਹੀ ਆਦਮੀ ਨੇ ਉਸ ਜਗ੍ਹਾ ਦੀ ਸਫ਼ਾਈ ਕੀਤੀ; ਕਿਸੇ ਹੋਰ ਨੇ ਪ੍ਰਭੂ ਭੋਜ ਤਿਆਰ ਕੀਤਾ; ਜਦ ਕਿ ਕਿਸੇ ਹੋਰ ਨੇ ਕਮਰਾ ਠੰਡਾ ਰੱਖਣ ਦਾ ਇੰਤਜ਼ਾਮ ਕੀਤਾ। ਫਿਰ ਕਈ ਲੋਕਾਂ ਨੇ ਬੰਦਗੀ ਵਿਚ ਆਉਣ ਦਾ ਖਰਚ ਚੁੱਕਿਆ, ਜਿਸ ਵਿਚ ਬਿਜਲੀ ਦਾ ਖ਼ਰਚ ਵੀ ਸ਼ਾਮਲ ਸੀ ਜਿਸ ਨਾਲ ਅਸੀਂ ਬਾਈਬਲਾਂ ਅਤੇ ਗੀਤਾਂ ਦੀਆਂ ਕਿਤਾਬਾਂ ਪੜ੍ਹ ਸਕੇ। ''ਪਰਦੇ ਦੇ ਪਿੱਛੇ'' ਜੋ ਜੋ ਕੰਮ ਹੋਏ ਉਨ੍ਹਾਂ ਦੀ ਵੀ ਓਨੀ ਹੀ ਅਹਿਮੀਅਤ ਹੈ ਜਿੰਨੀ ਲੋਕਾਂ ਦੇ ਸਾਹਮਣੇ ਹੋਏ ਕੰਮ ਦੀ।

ਜੇ ਲੋਕ ਉਸ ਕੰਮ ਦੀ ਅਹਿਮੀਅਤ ਨੂੰ ਸਮਝਦੇ ਹਨ, ਜੋ ਉਨ੍ਹਾਂ ਨੂੰ ਕਰਨ ਲਈ ਦਿੱਤਾ ਜਾਂਦਾ ਹੈ, ਤਾਂ ਉਹ ਚੰਗੇ ਕੰਮ ਨੂੰ ਕਰਨ ਵਾਲੇ ਹਨ ਅਤੇ ਉਹ ਉਨ੍ਹਾਂ ਵਿਚ ਲੱਗੇ ਰਹਿਣਗੇ। ਚੰਗੇ ਆਗੂ ਇਹ ਵੇਖਦੇ ਹਨ ਕਿ ਹਰੇਕ ਔਰਤ ਜਾਂ ਆਦਮੀ ਇਹ ਜਾਣਨ ਦੀ ਕੋਸ਼ਸ਼ ਕਰੇ ਕਿ ਉਹਦਾ ਕੰਮ ਕਿੰਨਾ ਅਹਿਮ ਹੈ।

## ਚੰਗੇ ਆਗੂ ਮੰਡਲੀ ਦਾ ਭਰੋਸਾ ਅਤੇ ਹਮਾਇਤ ਹਾਸਲ ਕਰਦੇ ਹਨ (6:5)

ਰਸੂਲਾਂ ਵੱਲੋਂ ਦਿੱਤੀ ਗਈ ਚੁਣੌਤੀ ਦੇ ਬਦਲੇ ਮੰਡਲੀ ਵੱਲੋਂ ਦਿੱਤੇ ਗਏ ਜਵਾਬ ਨੂੰ ''ਨਵੇਂ ਨੇਮ ਵਿਚ ਮਹਾਨ ਮੋਅਜਜ਼ਿਆਂ ਵਿੱਚੋਂ ਇਕ'' ਕਿਹਾ ਗਿਆ ਹੈ: ''ਇਹ ਗੱਲ ਸਾਰੀ ਸੰਗਤ ਨੂੰ ਚੰਗੀ ਲੱਗੀ'' (ਆਇਤ 5)![12] ਪ੍ਰਚਾਰ ਕਰਦਿਆਂ ਮੈਨੂੰ ਚਾਲੀ ਤੋਂ ਵੱਧ ਸਾਲ ਹੋ ਗਏ ਹਨ, ਅਤੇ ਮੈਂ ਕਦੇ ਵੀ *ਕੋਈ* ਵਾਕ ਨਹੀਂ ਸੁਣਿਆ ਜੋ ਕਿਸੇ ਮੰਡਲੀ ਵਿਚ ਸਭ ਨੂੰ ਚੰਗਾ ਲੱਗਾ ਹੋਵੇ! ਰਸੂਲਾਂ ਦਾ ਸੁਝਾਅ ਵੀਹ ਤੋਂ ਤੀਹ ਹਜ਼ਾਰ ਲੋਕਾਂ ਨੂੰ ਪਸੰਦ ਆਇਆ। ਇਹ ਹੈਰਾਨੀ ਵਾਲੀ ਗੱਲ ਹੈ!

ਕੀ ਹੁੰਦਾ ਜੇ ਰਸੂਲਾਂ ਦੀ ਗੱਲ ਨੂੰ ਸਾਰੀ ਮੰਡਲੀ ਦੀ ਮਨਜ਼ੂਰੀ *ਨਾ* ਮਿਲਦੀ? ਅਸੀਂ ਇਹਦਾ ਜਵਾਬ ਯਕੀਨ ਨਾਲ ਤਾਂ ਨਹੀਂ ਦੇ ਸਕਦੇ, ਕਿਉਂਕਿ ਅਜਿਹੇ ਹਲਾਤ ਪੈਦਾ ਹੀ ਨਹੀਂ

ਹੋਏ ਸਨ। ਅਸੀਂ ਐਨਾ ਜ਼ਰੂਰ ਕਹਿ ਸਕਦੇ ਹਾਂ ਕਿ ਅਜਿਹੇ ਹਲਾਤ ਬਦ ਤੋਂ ਵੀ ਬਦਤਰ ਹੋ ਜਾਂਦੇ। ਕਿਸੇ ਮੰਡਲੀ ਦੇ ਆਗੂਆਂ ਦੀ ਮਾੜੀ ਹਾਲਤ, ਜਿਨ੍ਹਾਂ ਨੇ ਮੈਂਬਰਾਂ ਵਿਚ ਇੱਜ਼ਤ ਗੁਆ ਲਈ ਹੋਵੇ, ਸਾਡੇ ਵਿੱਚੋਂ ਬਹੁਤਿਆਂ ਨੇ ਵੇਖਿਆ ਹੈ (ਜੇ ਮਹਿਸੂਸ ਨਹੀਂ ਕੀਤਾ)। ਜਦ ਇੰਜ ਹੁੰਦਾ ਹੈ ਤਾਂ ਦੁਖਾਂਤ ਬਹੁਤਾ ਦੂਰ ਨਹੀਂ ਹੁੰਦਾ।

''ਇਹ ਗੱਲ ਸਾਰੀ ਸੰਗਤ ਨੂੰ ਚੰਗੀ ਲਗੀ'' ਸ਼ਬਦ ਉਸ ਢੰਗ ਪ੍ਰਤੀ ਸ਼ਰਧਾ, ਜਿਸ ਨਾਲ ਰਸੂਲਾਂ ਨੇ ਉਸ ਮਾਮਲੇ ਨੂੰ ਨਿਪਟਾਇਆ। ਉਨ੍ਹਾਂ ਬਾਰਾਂ ਰਸੂਲਾਂ ਨੇ ਬੜੀ ਹੀ ਕੋਮਲਤਾ ਅਤੇ ਭਾਵੁਕਤਾ ਨਾਲ ਖਤਰਨਾਕ ਹਲਾਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਿਆ ਸੀ। ਉਨ੍ਹਾਂ ਨੇ ਮੰਡਲੀ ਵਿਚ ਆਪਣਾ ਭਰੋਸਾ ਜਤਾਇਆ ਸੀ, ਹੁਣ ਮੈਂਬਰਾਂ ਨੇ ਆਪਣੀ ਹਮਾਇਤ ਨਾਲ ਉਨ੍ਹਾਂ ਨੂੰ ਕਬੂਲ ਕਰ ਲਿਆ। ਹਰੇਕ ਮੰਡਲੀ ਵਿਚ ਅਜਿਹਾ ਹੀ ਹੋਣਾ *ਚਾਹੀਦਾ ਹੈ* ਅਤੇ ਜਦ ਆਗੂ ਅਤੇ ਮੈਂਬਰ ਇਕ ਦੂਜੇ ਨਾਲ ਪਿਆਰ ਕਰਨਗੇ ਅਤੇ ਉਨ੍ਹਾਂ ਦੀ ਇੱਜ਼ਤ ਕਰਨਗੇ ਤਾਂ ਇੰਜ ਹੀ *ਹੋਵੇਗਾ*।

## ਚੰਗੇ ਆਗੂ ਕੰਮ ਕਰਨ ਵਾਲਿਆਂ ਨੂੰ ਆਪਣੀ ਹਮਾਇਤ ਅਤੇ ਵਿਸ਼ਵਾਸ ਦੁਆਉਂਦੇ ਹਨ (6:5, 6)

ਮੰਡਲੀ ਨੇ ਰਸੂਲਾਂ ਦਾ ਸੁਝਾਅ ਮੰਨ ਲਿਆ ਸੀ, ਇਸ ਲਈ ਛੇਤੀ ਹੀ ਇਹ ਵਿਚਾਰ ਅਮਲ ਵਿਚ ਆ ਗਿਆ। ''ਅਤੇ ਉਨ੍ਹਾਂ [ਮੰਡਲੀ] ਨੇ ਇਸਤੀਫ਼ਾਨ ਨਾਮੇ ਇਕ ਪੁਰਸ਼ ਨੂੰ ਜਿਹੜਾ ਨਿਹਚਾ ਅਰ ਪਵਿੱਤਰ ਆਤਮਾ ਨਾਲ ਭਰਪੂਰ ਸੀ ਅਰ ਫ਼ਿਲਿੱਪੁਸ ਅਰ ਪ੍ਰੋਖੋਰੁਸ ਅਰ ਨਿਕਾਨੋਰ ਅਰ ਤੀਮੋਨ ਅਰ ਪਰਮਨਾਸ ਅਰ ਨਿਕਲਾਉਸ ਨੂੰ ਜੋ ਅੰਤਾਕੀਆ ਦਾ ਇਕ ਯਹੂਦੀ ਮੁਰੀਦ[13] ਸੀ ਚੁਣਿਆ'' (ਆਇਤ 5)। ਕਲੀਸੀਆ ਨੇ ਇਨ੍ਹਾਂ ਸੱਤ ਆਦਮੀਆਂ ਦੀ ਚੋਣ ਕਰਨ ਦਾ ਫ਼ੈਸਲਾ ਕਿਵੇਂ ਲਿਆ? ਇਹ ਮਸ਼ਹੂਰੀ ਪਾਉਣ ਦਾ ਮੁਕਾਬਲਾ ਨਹੀਂ ਸੀ; ਕਿਉਂਕਿ ਰਸੂਲਾਂ ਨੇ ਸਖ਼ਤ ਸ਼ਰਤਾਂ ਰੱਖੀਆਂ ਸਨ ਅਤੇ ਮੰਡਲੀ ਨੂੰ ਇਹ ਸ਼ਰਤਾਂ ਮੰਜ਼ੂਰ ਵੀ ਸਨ। ਉਹਦੇ ਇਲਾਵਾ ਲੂਕਾ ਨੇ ਕੋਈ ਹੋਰ ਜ਼ਿਕਰ ਨਹੀਂ ਕੀਤਾ ਕਿ ਇਹ ਚੋਣ ਕਿਵੇਂ ਹੋਈ। ਜਦ ਖ਼ੁਦਾ ਆਦਮੀ ਨੂੰ ਦੱਸਦਾ ਹੈ ਕਿ *ਕੀ* ਕਰਨਾ ਹੈ ਤਾਂ ਉਹ ਉਹਦੇ ਉੱਤੇ ਛੱਡ ਦਿੰਦਾ ਹੈ ਕਿ ਖ਼ੁਦ ਫ਼ੈਸਲਾ ਕਰੇ ਕਿ ਉਹਦੀ ਇੱਛਾ ਨੂੰ ਕਿਵੇਂ ਪੂਰਾ ਕਰਨਾ ਹੈ।[14] ਇਸ ਹਲਾਤ ਵਿਚ ਇਹੀ ਹੋਇਆ ਸੀ।

ਚੁਣੇ ਹੋਏ ਸੱਤ ਲੋਕਾਂ ਵਿਚ ਸਭ ਤੋਂ ਪਹਿਲਾਂ ''ਇਸਤੀਫ਼ਾਨ ... ਇਕ ਪੁਰਸ਼ ਨੂੰ ਜਿਹੜਾ ਨਿਹਚਾ[15] ਅਰ ਪਵਿੱਤਰ ਆਤਮਾ ਨਾਲ ਭਰਪੂਰ ਸੀ'' ਦਾ ਨਾਂ ਆਉਂਦਾ ਹੈ। ਇਸਤੀਫ਼ਾਨ ਦਾ ਜ਼ਿਕਰ ਪਹਿਲੇ ਆਉਂਦਾ ਹੈ ਕਿਉਂਕਿ ਉਹ ਅਧਿਆਇ ਦੇ ਆਖ਼ਰੀ ਭਾਗ ਅਤੇ ਅਧਿਆਇ 7 ਦਾ ਮੁੱਖ ਪਾਤਰ ਹੈ। ਉਹਦੇ ਬਾਅਦ ਫ਼ਿਲਿੱਪੁਸ ਦਾ ਨਾਮ ਹੈ ਕਿਉਂਕਿ ਉਹ ਅਧਿਆਇ 8 ਵਿਚ ਮੁੱਖ ਪਾਤਰ ਹੈ। ਨਵਾਂ ਨੇਮ ਦੂਜੇ ਪੰਜ ਅਰਥਾਤ ਪ੍ਰੋਖੋਰੁਸ,[16] ਨਿਕਾਨੋਰ, ਤੀਮੋਨ, ਪਰਮਨਾਸ ਅਤੇ ਯਹੂਦੀ ਮੁਰੀਦ ਅੰਤਾਕੀਆ ਦੇ ਰਹਿਣ ਵਾਲੇ[17] ਨਿਕਲਾਉਸ[18] ਬਾਰੇ ਕੁਝ ਨਹੀਂ ਦੱਸਦਾ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਸਾਰੇ ਨਾਮ *ਯੂਨਾਨੀ* ਹਨ। ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਇਹਦਾ ਸੰਕੇਤ ਇਹ ਹੈ ਕਿ ਚੁਣੇ ਜਾਣ ਵਾਲੇ ਸਾਰੇ ਜਾਂ (ਜਾਂ ਜ਼ਿਆਦਾਤਰ) ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀ ਹੀ ਸਨ।[19] ਜੇ ਇੰਜ ਹੈ ਤਾਂ ਸਾਨੂੰ ਮੰਡਲੀ ਵੱਲੋਂ ਅਪਣਾਈ ਇਕ ਹੈਰਾਨ ਕਰਨ ਵਾਲੀ ਕੂਟਨੀਤੀ ਵਿਖਾਈ ਦਿੰਦੀ ਹੈ। NIV ਸਟੱਡੀ ਬਾਈਬਲ ਵਿਚ ਲੂਈਸ ਫ਼ੋਸਟਰ ਦੀ ਟਿੱਪਣੀ ਹੈ, ''ਬੁੜਬੁੜਾਉਣਾ ਕਲੀਸੀਆ ਦੇ ਯੂਨਾਨੀ ਭਾਸ਼ਾ ਬੋਲਣ ਵਾਲੇ ਹਿੱਸੇ ਵਿੱਚੋਂ ਹੀ ਹੋਇਆ ਸੀ; ਸੋ ਇਸ ਕੰਮ ਨੂੰ ਸੰਭਾਲਣ ਲਈ ਚੁਣੇ ਜਾਣ ਵਾਲੇ ਉਨ੍ਹਾਂ ਵਿੱਚੋਂ ਹੀ ਲਏ ਗਏ ਤਾਂ

ਜੋ ਉਹ ਉਨ੍ਹਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰ ਸਕਣ।''[20] ਸੰਖੇਪ ਵਿਚ ਇਬਰਾਨੀ ਯਹੂਦੀਆਂ[21] ਨੇ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀਆਂ ਨੂੰ ਕਿਹਾ: ''ਸਾਨੂੰ ਯਕੀਨ ਹੈ ਕਿ ਤੁਸੀਂ *ਸਾਡੀਆਂ* ਵਿਧਵਾਵਾਂ ਦਾ ਧਿਆਨ ਰੱਖੋ।''[22]

ਮੰਡਲੀ ਵੱਲੋਂ ਸੱਤ ਆਦਮੀਆਂ ਨੂੰ ਚੁਣਨ ਦੇ ਬਾਅਦ ''ਉਨ੍ਹਾਂ ਨੂੰ ਰਸੂਲਾਂ ਦੇ ਅੱਗੇ ਖੜਾ ਕੀਤਾ ਅਤੇ ਉਨ੍ਹਾਂ [ਰਸੂਲਾਂ[23]] ਨੇ ਪ੍ਰਾਰਥਨਾ ਕਰ ਕੇ ਉਨ੍ਹਾਂ ਉੱਤੇ ਹੱਥ ਰੱਖੇ'' (ਆਇਤ 6)। ਜਦ ਕੁਝ ਲੋਕਾਂ ਨੂੰ ਸੇਵਾ ਲਈ ਚੁਣਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਸਮਾਰੋਹ ਪੂਰਵਕ ''ਅਹੁਦਾ ਦੇਣਾ''[24] ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੇ ਮਨਾਂ ਤੇ ਕੰਮ ਦੀ ਗੰਭੀਰਤਾ ਦੀ ਛਾਪ ਲਗ ਜਾਂਦੀ ਹੈ ਅਤੇ ਇਹ ਉਨ੍ਹਾਂ ਦੇ ਮਨਾਂ ਤੇ ਅਸਰ ਕਰਦੀ ਹੈ ਜਿਨ੍ਹਾਂ ਦੀ ਸੇਵਾ ਕਰਨੀ ਹੈ, ਉਹ ਉਨ੍ਹਾਂ ਦੀ ਮਦਦ ਅਤੇ ਹਮਾਇਤ ਕਰਨ ਦੀ ਲੋੜ ਮਹਿਸੂਸ ਕਰਨਗੇ। ਰਸੂਲਾਂ ਨੇ ਅਜਿਹਾ ਪ੍ਰਾਰਥਨਾ ਨਾਲ (14:23 ਵੀ ਵੇਖੋ) ਅਤੇ ਮੰਡਲੀ ਦੇ ਸਾਹਮਣੇ ਸੱਤ ਆਦਮੀਆਂ ਤੇ ਹੱਥ ਰੱਖ ਕੇ ਕੀਤਾ।

ਸਾਨੂੰ ਪੱਕਾ ਪਤਾ ਨਹੀਂ ਹੈ ਕਿ ਹੱਥ ਰੱਖਣ ਦੇ ਸਮਾਰੋਹ ਵਿਚ ਇਹ ਸਭ ਕਿਵੇਂ ਕੀਤਾ ਗਿਆ ਸੀ। ਬਾਈਬਲ ਦੇ ਸਮਿਆਂ ਵਿਚ ਕਈ ਕਾਰਣਾਂ ਲਈ ਲੋਕਾਂ ਤੇ ਹੱਥ ਰੱਖੇ ਜਾਂਦੇ ਸਨ: ਬਰਕਤ ਦੇਣ ਲਈ (ਉਤਪਤ 48:13-20), ਚੰਗਾਈ ਲਈ (ਰਸੂਲਾਂ ਦੇ ਕੰਮ 28:8) ਕਿਸੇ ਕੰਮ ਤੇ ਲਾਉਣ ਅਤੇ ਇਖ਼ਤਿਆਰ ਦੇਣ ਲਈ (ਗਿਣਤੀ 27:18; ਰਸੂਲਾਂ ਦੇ ਕੰਮ 13:3)।[25] ਰਸੂਲਾਂ ਨੇ ਵੀ ਮਸੀਹੀ ਲੋਕਾਂ ਨੂੰ ਚਮਤਕਾਰੀ ਦਾਨ ਦੇਣ ਲਈ ਉਨ੍ਹਾਂ ਤੇ ਹੱਥ ਰੱਖੇ (ਰਸੂਲਾਂ ਦੇ ਕੰਮ 8:18; 19:6)। ਸ਼ਾਇਦ ਇਹਨਾਂ ਸੱਤ ਲੋਕਾਂ ਦੇ ਮਾਮਲੇ ਵਿਚ ਹੱਥ ਰੱਖਣ ਨਾਲ ਦੋਹਰਾ ਮਕਸਦ ਪੂਰਾ ਹੋਇਆ। ਉਨ੍ਹਾਂ ਨੂੰ ਨਵੇਂ ਕੰਮ ਲਈ ਰਸਮੀ ਤੌਰ ਤੇ ਵੱਖ ਕਰਨ *ਅਤੇ* ਵਿਸ਼ੇਸ਼ ਯੋਗਤਾਵਾਂ[26] ਦੇਣ ਲਈ, ਜੋ ਉਨ੍ਹਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ[27] ਨੂੰ ਪੂਰਾ ਕਰਨ ਲਈ ਜ਼ਰੂਰੀ ਸਨ। ਰਸੂਲਾਂ ਦੇ ਕੰਮਾਂ ਨੇ ਚੁਣੇ ਹੋਏ ਆਦਮੀਆਂ ਅਤੇ ਮੰਡਲੀ ਨੂੰ ਇਹ ਕਹਿ ਦਿੱਤਾ, ''ਅਸੀਂ ਇਹਨਾਂ ਆਦਮੀਆਂ ਦੇ ਪਿੱਛੇ ਹਾਂ ਅਤੇ ਹਰ ਤਰ੍ਹਾਂ ਨਾਲ ਇਹਨਾਂ ਦੀ ਹਮਾਇਤ ਕਰਦੇ ਹਾਂ!'' ਚੰਗੇ ਆਗੂ ਆਪਣੀ ਹਮਾਇਤ ਜ਼ਾਹਰ ਵੀ ਕਰਦੇ ਹਨ।

ਅਸੀਂ ਰਸੂਲ ਨਹੀਂ, ਜੋ ਲੋਕਾਂ ਤੇ ਹੱਥ ਰੱਖ ਕੇ ਉਨ੍ਹਾਂ ਨੂੰ ਚਮਤਕਾਰੀ ਯੋਗਤਾਵਾਂ ਦੇ ਸਕੀਏ। ਨਵੇਂ ਆਗੂਆਂ ਨੂੰ ਠਹਿਰਾਉਂਣ ਲਈ ਵਰਤੇ ਜਾਣ ਵਾਲੇ ਉਸ ਮੌਕੇ ਨੂੰ ਦਰਸਾਉਣ ਲਈ ਉਹ ਤਰੀਕੇ ਰਸੂਲਾਂ ਵੱਲੋਂ ਵਰਤੇ ਗਏ ਤਰੀਕਿਆਂ ਨਾਲੋਂ ਫ਼ਰਕ ਹੋਣਗੇ। ਆਓ ਪੱਕੇ ਇਰਾਦੇ ਨਾਲ ਉਨ੍ਹਾਂ ਦੀ ਉਦਾਹਰਣ ਹੇਠਾਂ ਦਿੱਤੇ ਤਿੰਨ ਢੰਗਾਂ ਨਾਲ ਮੰਨੀਏ: (1) ਆਓ ਅਸੀਂ ਗੰਭੀਰ ਹੋ ਕੇ ਦੁਆ ਵਿਚ ਲਗ ਜਾਈਏ; (2) ਆਓ ਅਸੀਂ ਕੰਮ ਦੀ ਗੰਭੀਰਤਾ ਤੇ ਜ਼ੋਰ ਦਈਏ; (3) ਆਓ ਅਸੀਂ ਨਿਯੁਕਤ ਹੋਣ ਵਾਲਿਆਂ ਪ੍ਰਤੀ ਆਪਣੀ ਹਮਾਇਤ ਵਿਖਾਈਏ।[28]

ਚੰਗੇ ਆਗੂ ਸਿਰਫ਼ ਕੰਮ ਕਰਨ ਵਾਲਿਆਂ ਦੀ ਹਮਾਇਤ ਹੀ ਨਹੀਂ ਕਰਦੇ ਸਗੋਂ ਕੰਮ ਨੂੰ ਪੂਰਾ ਕਰਨ ਲਈ ਉਨ੍ਹਾਂ ਤੇ ਭਰੋਸਾ ਵੀ ਰੱਖਦੇ ਹਨ। ਆਇਤ 6 ਅਤੇ 7 ਦੇ ''ਵਿਚਲੇ ਵਾਕ ਪੜ੍ਹਦਿਆਂ'' ਮੈਂ ਹੇਠ ਲਿਖੇ ਸੁਝਾਅ ਦਿੰਦਾ ਹਾਂ: (1) ਉਨ੍ਹਾਂ ਸੱਤਾਂ ਤੇ ਦੁਆ ਕਰਨ ਅਤੇ ਹੱਥ ਰੱਖਣ ਦੇ ਬਾਅਦ ਰਸੂਲਾਂ ਨੇ ਬਿਨਾਂ ਕਿਸੇ ਦਖ਼ਲਅੰਦਾਜ਼ੀ ਦੇ ਉਨ੍ਹਾਂ ਨੂੰ ਆਪਣਾ ਕੰਮ ਕਰਨ ਦਿੱਤਾ;(2) ਉਨ੍ਹਾਂ ਸੱਤਾਂ ਨੇ ਬਾਰ ਬਾਰ ਆ ਕੇ ਆਪਣੇ ਕੰਮ ਬਾਰੇ ਰਸੂਲਾਂ ਤੋਂ ਫ਼ੈਸਲਾ ਲੈਣ ਲਈ ਸੁਝਾਅ ਨਹੀਂ ਲਿਆ; (3) ਉਨ੍ਹਾਂ ਸੱਤਾਂ ਨੇ ਉਸ ਕੰਮ ਨੂੰ ਪੂਰਾ ਕੀਤਾ, ਜੋ ਉਨ੍ਹਾਂ ਨੂੰ ਦਿੱਤਾ ਗਿਆ ਸੀ। ਮੈਂ ਇਹ ਮੰਨਦਾ ਹਾਂ ਕਿ ਦੋਵੇਂ ਗੱਲਾਂ ਸਹੀ ਹਨ, ਕਿਉਂਕਿ ਕਿਸੇ ਵੀ ਦੂਜੇ ਢੰਗ ਨਾਲ ਇਨ੍ਹਾਂ ਆਦਮੀਆਂ ਦੀ ਚੋਣ ਦਾ ਮਕਸਦ ਬੇਕਾਰ ਹੋ ਜਾਂਦਾ; ਰਸੂਲ ਵਚਨ ਦੀ ਸੇਵਕਾਈ ਤੋਂ ਬਦਲ ਜਾਂਦੇ। ਮੈਂ ਮੰਨਦਾ ਹਾਂ ਕਿ ਤੀਜੀ

ਗੱਲ ਸਹੀ ਹੈ ਕਿਉਂਕਿ ਆਇਤ 7 ਵਿਚ ਇਸ ਦੇ ਸਕਾਰਾਤਮਕ ਨਤੀਜੇ ਮਿਲਦੇ ਹਨ।

ਮੈਂ ਇਹਨਾਂ ਗੱਲਾਂ ਤੇ ਜ਼ੋਰ ਦਿੰਦਾਂ ਹਾਂ ਕਿ ਅੱਜ ਅਕਸਰ ਡੀਕਨਾਂ ਦੀ ਚੋਣ ਐਲਡਰਾਂ ਨੂੰ ਉਨ੍ਹਾਂ ਦੇ ਚਰਵਾਹੀ ਦੇ ਕੰਮ ਤੋਂ ਅਜ਼ਾਦ ਨਹੀਂ ਕਰਦੀ; ਡੀਕਨ ਹਰ ਕੰਮ ਬਾਰੇ ਐਲਡਰਾਂ ਦੇ ਫ਼ੈਸਲੇ ਲੈਣ ਲਈ ਕਹਿੰਦੇ ਹਨ।[29] ਮੈਂ ਸਭ ਐਲਡਰਾਂ ਨੂੰ ਕਹਿੰਦਾ ਹਾਂ ਕਿ ਜਦ ਡੀਕਨ ਚੁਣੇ ਜਾ ਚੁਕੇ ਹਨ ਤਾਂ ਉਨ੍ਹਾਂ ਨੂੰ ਆਪਣਾ ਕੰਮ ਕਰਨ ਦਿਓ! ਉਸ ਕੰਮ ਨੂੰ ਕਰਨ ਲਈ ਉਨ੍ਹਾਂ ਤੇ *ਭਰੋਸਾ ਰੱਖੋ।* ਜੇ ਤੁਹਾਨੂੰ ਭਰੋਸਾ ਨਹੀਂ ਹੈ ਕਿ ਉਹ ਇਸ ਕੰਮ ਨੂੰ ਕਰ ਸਕਣਗੇ ਤਾਂ ਉਨ੍ਹਾਂ ਨੂੰ ਜ਼ਿੰਮੇਵਾਰੀ ਹੀ ਨਾ ਦਿਓ। ਜੇ ਉਹ ਤੁਹਾਡੇ ਭਰੋਸੇ ਨੂੰ ਸੱਟ ਪਹੁੰਚਾਉਂਦੇ ਹਨ ਅਤੇ ਦਿੱਤੇ ਗਏ ਕੰਮ ਨੂੰ ਕਰਨ ਵਿਚ ਨਕਾਮ ਰਹਿੰਦੇ ਹਨ ਤਾਂ ਅਜਿਹੇ ਆਦਮੀ ਠਹਿਰਾਓ ਜਿਨ੍ਹਾਂ ਤੇ ਤੁਸੀਂ ਭਰੋਸਾ ਕਰ *ਸਕਦੇ* ਹੋਵੋ। ਇੱਜੜ ਦੇ ਅੱਯਾਲੀ ਹੋਣ ਕਰਕੇ ਆਪਣਾ ਸਮਾਂ ਦਿਓ!

## ਸਾਰ

ਸ਼ੈਤਾਨ ਨੇ ਕਲੀਸੀਆ ਨੂੰ ਨਾਸ ਕਰਨ ਦੀ ਇਕ ਹੋਰ ਕੋਸ਼ਸ਼ ਕੀਤੀ ਅਤੇ ਉਹ ਇਸ ਵਾਰ ਵੀ ਨਕਾਮ ਹੋ ਗਿਆ ਸੀ। ਸਾਡਾ ਪਿਛਲਾ ਪਾਠ ਸ਼ਾਨਦਾਰ ਵਾਧੇ ਦੀ ਇਸ ਗੱਲ ਨਾਲ ਸ਼ੁਰੂ ਹੋਇਆ ਸੀ; ਇਹ ਪਾਠ ਓਸੇ ਗੱਲ ਨਾਲ ਖ਼ਤਮ ਹੁੰਦਾ ਹੈ: ''ਤਾਂ ਪ੍ਰਮੇਸ਼ਵਰ ਦਾ ਵਚਨ ਫੈਲਦਾ ਗਿਆ ਅਰ ਯਰੂਸ਼ਲਮ ਵਿਚ ਚੇਲਿਆਂ ਦੀ ਗਿਣਤੀ ਬਹੁਤ ਵਧਦੀ ਜਾਂਦੀ ਸੀ'' (ਆਇਤ 7)। ਇਸ ਤੋਂ ਪਹਿਲਾਂ ਅਸੀਂ ਕਲੀਸੀਆ ਦੇ ਮੈਂਬਰਾਂ ਦਾ ਅਨੁਮਾਨ ਵੀਹ ਤੋਂ ਤੀਹ ਹਜ਼ਾਰ ਤਕ ਲਾਇਆ ਸੀ; ਹੁਣ ''ਯਰੂਸ਼ਲਮ ਵਿਚ ਚੇਲਿਆਂ ਦੀ ਗਿਣਤੀ *ਬਹੁਤ* ਵੱਧਦੀ ਜਾਂਦੀ ਸੀ।'' ਅਸੀਂ ਕੁੱਲ ਜੋੜ ਦਾ ਅੰਦਾਜ਼ਾ ਨਹੀਂ ਲਾ ਸਕਾਂਗੇ! ਫਿਰ ਵਾਧੇ ਦੀ ਇਸ ਗੱਲ ਵਿਚ ਇਕ ਹੋਰ ਹੈਰਾਨ ਕਰਨ ਵਾਲੀ ਟਿੱਪਣੀ ਜੁੜ ਜਾਂਦੀ ਹੈ: ''ਅਤੇ ਬਹੁਤ ਸਾਰੇ ਯਾਜਕ ਉਸ ਮੱਤ ਦੇ ਮੰਨਣ ਵਾਲੇ ਹੋ ਗਏ'' (ਆਇਤ 7)। ਹੋ ਸਕਦਾ ਹੈ ਕਿ ਇਹ ਉਨ੍ਹਾਂ ''ਮਹਾਯਾਜਕਾਂ'' ਵਿੱਚੋਂ ਨਾ ਹੋਣ, ਜੋ ਰਸੂਲਾਂ ਨੂੰ ਸਤਾ ਰਹੇ ਸਨ (4:23; 5:24) ਸਗੋਂ ''ਆਮ'' ਯਾਜਕ ਹੀ ਹੋਣ, ਜੋ ਸਾਲ ਵਿਚ ਦੋ ਹਫ਼ਤੇ ਹੀ ਸੇਵਾ ਕਰਦੇ ਸਨ।[30] ਇਹ ਗੱਲ ਧਿਆਨ ਦੇਣ ਵਾਲੀ ਹੈ। ਉਨ੍ਹਾਂ ਵਾਂਗ ਹੀ ਜਿਹੜੇ ਸਭਾ ਵਿਚ ਸਨ, ਯਾਜਕਾਂ ਦੀ ਦਿਲਚਸਪੀ ਵੀ ਦਿਖਾਵਟੀ ਸੀ; ਇਸ ਦੇ ਉਲਟ ਜਿਹੜੇ ਸਭਾ ਵਿਚ ਸਨ, ਉਨ੍ਹਾਂ ਵਿੱਚੋਂ ਬਹੁਤੇ ਨੇਕ ਨੀਅਤ ਨਾਲ ਮਸੀਹੀਅਤ ਬਾਰੇ ਖੋਜ ਰਹੇ ਸਨ। ਇਸ ਕਰਕੇ ਉਹ ''ਉਸ ਮੱਤ ਦੇ ਮੰਨਣ ਵਾਲੇ''[31] ਹੋ ਗਏ ਅਤੇ ਮਸੀਹੀ ਬਣ ਗਏ! ਇੰਜੀਲ ਦੀ ਸ਼ਕਤੀ ਦੇ ਪ੍ਰਤੀ ਇਹ ਕਿੰਨੀ ਵਧੀਆ ਸ਼ਰਧਾਂਜਲੀ ਹੈ!

ਆਇਤ 7 ਯਰੂਸ਼ਲਮ ਵਿਚ ਕਲੀਸੀਆ ਦੇ ਵਾਧੇ ਬਾਰੇ ਦੱਸਦੀ ਹੈ। ਇਹ ਵਿਖਾਉਂਦੀ ਹੈ ਕਿ ਜਦ ਲੋਕ ਤਰੇੜਾਂ ਵਿੱਚੋਂ ਦੀ ਡਿੱਗਦੇ ਹਨ ਤਾਂ ਕੀ ਹੁੰਦਾ ਹੈ ਅਤੇ ਚੰਗੀ ਲੀਡਰਸ਼ਿਪ ਸਕਾਰਾਤਮਕ ਢੰਗ ਨਾਲ ਇਸ ਦਾ ਕੀ ਜਵਾਬ ਦਿੰਦੀ ਹੈ।

## ਵਿਜ਼ੂਅਲ-ਏਡ ਨੋਟਸ

ਇਸ ਅਤੇ ਪਿਛਲੇ ਪਾਠ ਵਿਚ ਮੁੱਖ ਤੌਰ ਤੇ ਜ਼ੋਰ ਦੇਣ ਵਾਲੀ ਗੱਲ ਇਹ ਹੈ ਕਿ ਜਦ ਸਭ ਲੋਕ ਆਪਣਾ ਯੋਗਦਾਨ ਦਿੰਦੇ ਹਨ ਤਾਂ ਕਲੀਸੀਆ ਵਧਦੀ ਹੈ। ਜੇ ਤੁਸੀਂ ਇਸ ਪਾਠ ਨੂੰ ਕਲਾਸ ਵਿਚ ਵਰਤਦੇ ਹੋ ਤਾਂ ਇਸ ਦੀ ਉਦਾਹਰਣ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ: ਕਲਾਸ ਤੋਂ

ਪਹਿਲਾਂ, ਕਾਫ਼ੀ ਸਮੇਂ ਵਿਚ ਛੋਟੀਆਂ ਲੱਕੜੀਆਂ ਨੂੰ ਬੰਨ੍ਹ ਲਓ। ਕਲਾਸ ਵੇਲੇ ਭਾਗ ਲੈਣ ਵਾਲਿਆਂ ਨੂੰ ਸਾਹਮਣੇ ਬੁਲਾਓ ਅਤੇ ਉਨ੍ਹਾਂ ਨੂੰ ਇਸ ਗੱਠੇ ਦੇ ਦੋ ਟੋਟੇ ਕਰਨ ਲਈ ਕਹੋ (ਜਦ ਸਭ ਹਾਰ ਮੰਨ ਲੈਣ ਤਾਂ ਉਸ ਨੂੰ ਜਮਾਤ ਦੇ ਸਾਹਮਣੇ ਆਪਣੇ ਕੋਲ ਰੱਖੋ)। ਅਖ਼ੀਰ ਵਿਚ, ਗੱਠ ਨੂੰ ਖੋਲ੍ਹ ਦਿਓ ਅਤੇ ਕਲਾਸ ਦੇ ਹਰ ਬੰਦੇ ਨੂੰ ਇਕ ਇਕ ਲਕੜੀ ਫੜਾ ਦਿਓ। ਉਹ ਇਨ੍ਹਾਂ ਲੱਕੜੀਆਂ ਨੂੰ ਅਸਾਨੀ ਨਾਲ ਤੋੜ ਦੇਣਗੇ। ਜੇ ਇਕ ਆਦਮੀ ਸਾਰਾ ਕੰਮ ਕਰਨ ਦੀ ਕੋਸ਼ਸ਼ ਕਰਦਾ ਤਾਂ ਉਹ ਉਸ ਨੂੰ ਨਹੀਂ ਕਰ ਸਕਦਾ ਅਤੇ ਓਸੇ ਕੰਮ ਨੂੰ ਜੇ ਕਈ ਲੋਕਾਂ ਵਿਚ ਵੰਡ ਦਿੱਤਾ ਜਾਵੇ ਤਾਂ ਉਹ ਕੰਮ ਹੋ *ਸਕਦਾ* ਹੈ।

---

## ਸਰਮਨ ਨੋਟਸ

---

ਸੀ. ਬਰੂਸ ਵ੍ਹਾਈਟ ਨੇ ਰਸੂਲਾਂ ਦੇ ਕੰਮ 6:1-5 ਤੇ ''ਲੀਡਰਸ਼ਿਪ ਇਨ ਐਕਸ਼ਨ'' ਦੇ ਸਿਰਲੇਖ ਨਾਲ ਇਕ ਉਪਦੇਸ਼ ਦਿੱਤਾ ਸੀ। ਇਸ ਵਿਚ ਸਮੱਗਰੀ ਦੀ ਰੂਪਰੇਖਾ ਲਈ ਅੰਗ੍ਰੇਜ਼ੀ ਦੀ ''C'' ਬਾਰ ਬਾਰ ਵਰਤੀ ਗਈ:

(1) Complaining (ਅਰਥਾਤ ਸ਼ਿਕਾਇਤ ਕਰਨਾ) (ਆਇਤ 1), (2) counteraction (ਬਦਲਾ ਲੈਣਾ) (ਆਇਤਾਂ 2-4) ਅਤੇ (3) contentment (ਤਸੱਲੀ) (ਆਇਤ 5)।

---

ਟਿੱਪਣੀਆਂ

[1]''ਰਸੂਲਾਂ ਦੇ ਕੰਮ, ਭਾਗ 1'' ਵਿਚ ਰਸੂਲਾਂ ਦੇ ਕੰਮ 1:21 ਤੇ ਟਿੱਪਣੀਆਂ ਵੇਖੋ। [2]ਸਗੋਂ ਉਨ੍ਹਾਂ ਨੂੰ ''ਸੱਤਾਂ'' (21:8) ਕਿਹਾ ਜਾਂਦਾ ਹੈ। [3]ਉਦਾਹਰਣ ਲਈ, ਡੀਕਨ ਹੋਣ ਦੇ ਯੋਗ ਬਣਨ ਲਈ *ਪਰਿਵਾਰ* ਇਕ ਮਹੱਤਵਪੂਰਣ ਪਹਿਲੂ ਹੈ, ਪਰ ਉਨ੍ਹਾਂ ਦੀਆਂ ਯੋਗਤਾਵਾਂ ਵਿਚ ਪਰਿਵਾਰ ਦੀ ਗੱਲ ਤੇ ਧਿਆਨ ਨਹੀਂ ਦਿੱਤਾ ਗਿਆ ਸੀ। [4]ਯੂਨਾਨੀ ਸ਼ਬਦ *ਡਾਇਕੋਨੋਸ* ਦੀ ਵਰਤੋਂ ਸਧਾਰਣ ਅਰਥ ਵਿਚ ਕਿਸੇ ਵੀ ਸੇਵਕ ਲਈ ਜਾਂ *ਵਿਸ਼ੇਸ਼* ਅਰਥ ਵਿਚ ਉਹਦੇ ਲਈ ਕੀਤੀ ਜਾ ਸਕਦੀ ਹੈ ਜਿਸ ਨੂੰ ਮੰਡਲੀ ਨੇ ''ਡੀਕਨ'' ਦੇ ਰੂਪ ਵਿਚ ਮਾਨਤਾ ਦਿੱਤੀ ਹੈ। ਸ਼ਬਦਾਵਲੀ ਵਿਚ ਵੇਖੋ ''ਡੀਕਨ।'' [5]ਜ਼ਿੰਮੇਵਾਰੀ ਦੇ ਕੰਮ ਦੀ ਗੰਭੀਰਤਾ ਨਾਲ ਇਕ ਡੀਕਨ ਨੂੰ ਇਸ ਨੂੰ ਕਬੂਲ ਕਰਨ ਲਈ ਕਿਹਾ ਜਾ ਸਕਦਾ ਹੈ, ਆਮ ਵਿਹਾਰ ਵਿਚ ਡੀਕਨਾਂ ਦੀਆਂ ਯੋਗਤਾਵਾਂ ਵਿਚ 6:3 ਵਾਲੀਆਂ ਯੋਗਤਾਵਾਂ ਮਿਲਾਈਆਂ ਜਾਂਦੀਆਂ ਹਨ। ਦੋ ਸੂਚੀਆਂ ਨੂੰ ਪੂਰਕ ਦੇ ਤੌਰ ਤੇ ਸਮਝਿਆ ਜਾ ਸਕਦਾ ਹੈ। [6]''ਮਸ਼ਹੂਰੀ'' ਇਕ ਸਥਿਤੀ ਵੱਲ ਸੰਕੇਤ ਹੈ ਜਿਸ ਵਿਚ ਅਸੀਂ ਜੋ ਕੁਝ ਕਰਦੇ ਹਾਂ ਉਹ ਸਭ ਦੂਸਰਿਆਂ ਦੀ ਨਜ਼ਰ ਵਿਚ ਹੁੰਦਾ ਹੈ; ''ਗੁਮਨਾਮੀ'' ਉਸ ਸਥਿਤੀ ਵੱਲ ਸੰਕੇਤ ਹੈ ਜਿਸ ਵਿਚ ਦੂਜਿਆਂ ਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਕੀ ਕਰ ਰਹੇ ਹਾਂ। [7]ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਆਦਮੀ ਕਿੰਨਾ ਚੰਗਾ ਬੁਲਾਰਾ ਹੈ, ਗਾਉਣ ਵਿਚ ਅਗਵਾਈ ਕਰ ਸਕਦਾ ਹੈ, ਦੁਆ ਕਰ ਸਕਦਾ ਹੈ ਆਦਿ। ਜੇ ਉਹਦੇ ਗੁਣਾਂ ਨੂੰ ਉਹਦੇ ਚੰਗੇ ਜੀਵਨ ਦੀ ਹਮਾਇਤ ਨਹੀਂ ਹੈ ਤਾਂ ਉਹਦੀਆਂ ਕੋਸ਼ਸ਼ਾਂ ਆਮ ਤੌਰ ਤੇ ਕਲੀਸੀਆ ਦੀ ਮਦਦ ਕਰਨ ਦੀ ਬਜਾਏ ਨੁਕਸਾਨ ਹੀ ਕਰਨਗੀਆਂ। [8]ਵਾਕਾਂਸ਼ ਵਿਚ ਰਸੂਲਾਂ ਉੱਤੇ ਲਾਗੂ ਕਰਦਿਆਂ ਚਮਤਕਾਰੀ ਯੋਗਤਾਵਾਂ ਦੀ ਗੱਲ ਹੀ ਸੁਝਾਈ ਗਈ ਹੈ। ਹੁਣ ਤਕ, ਸਾਡੇ ਕੋਲ ਅਜਿਹਾ ਕੋਈ ਰਿਕਾਰਡ ਨਹੀਂ ਹੈ ਕਿ ਰਸੂਲਾਂ ਦੇ ਇਲਾਵਾ ਕਿਸੇ ਹੋਰ ਨੇ ਵੀ ਅਚਰਜ ਕੰਮ ਕੀਤੇ ਹੋਣ। ਸੰਕੇਤ ਹੈ ਕਿ ਰਸੂਲਾਂ ਵੱਲੋਂ ਉਨ੍ਹਾਂ ਤੇ ਹੱਥ ਰੱਖਣ ਦੇ ਬਾਅਦ ਇਸਤੀਫ਼ਾਨ ਅਤੇ ਫ਼ਿਲਿੱਪੁਸ ਵੀ ਅਚੰਭੇ ਕੰਮ ਕਰਨ ਦੇ ਯੋਗ ਹੋ ਗਏ ਸਨ (ਵੇਖੋ 8:18)। [9]ਉਨ੍ਹਾਂ ਨੇ ਰਸੂਲਾਂ ਰਾਹੀਂ ਸੁਣਾਏ ਗਏ ਵਚਨ ਨੂੰ ਸੁਣਿਆ। [10]ਪਹਿਲੀ ਨਜ਼ਰ ਵਿਚ ਰਸੂਲਾਂ ਦੇ ਕੰਮ 6 ਅਧਿਆਇ ਵਿਚ ਸੇਵਕਾਂ ਲਈ ਸਿਰਫ਼ ਤਿੰਨ ਯੋਗਤਾਵਾਂ ਹੀ ਦਿਸਦੀਆਂ ਹਨ। ਪਰ ਸਿਰਫ਼ ਇੱਕੋ ਢੰਗ ਜਿਸ ਨਾਲ ਕੋਈ ਸਦਾ ਹੈ ਕਿ ਕੋਈ ਆਦਮੀ ''ਆਤਮਾ ਨਾਲ ਭਰਪੂਰ'' ਹੈ ਇਹ ਵੇਖਣਾ ਹੈ ਕਿ ਉਹਦੀ ਜ਼ਿੰਦਗੀ ਵਿਚ ''ਆਤਮਾ ਦੇ ਫਲ਼'' ਹਨ ਜਾਂ

ਨਹੀਂ, ਅਤੇ ਜੇ ਹਨ ਤਾਂ ਉਹ ਉਸ ਵਿਚ ਨੌਂ ਹੋਰ ''ਯੋਗਤਾਵਾਂ'' ਨੂੰ ਜੋੜ ਦਿੰਦਾ ਹੈ।

[11]ਸਮਾਂ ਮਿਲਿਆ ਤਾਂ ਸਥਾਨਕ ਮੰਡਲੀਆਂ ਵਿਚ ਕੰਮਾਂ ਅਤੇ ਅਹੁਦਿਆਂ ਦੀ ਸੂਚੀ ਵੀ ਦਿੱਤੀ ਜਾ ਸਕਦੀ ਹੈ। [12]ਜੇ ਤੁਸੀਂ 5:7 ਦੀ ਘਟਨਾ ਨੂੰ ''ਨਵੇਂ ਨੇਮ ਦੇ ਸਭ ਤੋਂ ਵੱਡੇ ਮੋਅਜਜ਼ੇ'' ਦਾ ਨਾਂ ਦਿੱਤਾ ਹੈ ਤਾਂ ਤੁਸੀਂ 6:5 ਦੀ ਘਟਨਾ ਨੂੰ ''*ਦੂਜਾ* ਸਭ ਤੋਂ ਵੱਡਾ ਮੋਅਜਜ਼ਾ'' ਕਹਿ ਸਕਦੇ ਹੋ। ਇਸ ਗੱਲ ਨੂੰ ਮਜ਼ਾਕ ਵਿਚ ਕਿਹਾ ਜਾਂਦਾ ਹੈ ਪਰ ਆਗੂਆਂ ਅਤੇ ਮੰਡਲੀ ਦੇ ਸਬੰਧ ਵਿਚ ਇਹ ਗੱਲ ਬੜੀ ਗੰਭੀਰ ਹੋ ਜਾਂਦੀ ਹੈ। [13]ਕਿਸੇ ਯਹੂਦੀ ਮੁਰੀਦ ਦਾ ਕਲੀਸੀਆ ਵਿਚ ਆਉਣ ਦਾ ਇਹ ਪਹਿਲਾ ਜ਼ਿਕਰ ਹੈ। ਸ਼ਾਇਦ ਕਈਆਂ ਨੇ ਪਹਿਲੇ ਵੀ ਬਪਤਿਸਮਾ ਲਿਆ ਹੋਇਆ ਸੀ (2:10, 38, 41)। ਪਰ ਯਹੂਦੀ ਮੁਰੀਦਾਂ ਵਿੱਚੋਂ ਕਿਸੇ ਦੇ ਮਸੀਹੀ ਬਣਨ ਦਾ ਇਹ ਪਹਿਲਾ ਜ਼ਿਕਰ ਹੈ। ''ਰਸੂਲਾਂ ਦੇ ਕੰਮ, ਭਾਗ 1'' ਵਿਚ ਵੇਖੋ ''ਯਹੂਦੀ ਮੁਰੀਦ।'' [14]14:21-23 ਦੇ ਸਬੰਧ ਵਿਚ ਕੁਝ ਹੋਰ ਸੁਝਾਅ ਦਿੱਤੇ ਜਾਣਗੇ। ਇਸ ਲੜੀ ਦੇ ਅਗਲੇ ਇਕ ਭਾਗ ਵਿਚ ਇਹਨਾਂ ਆਇਤਾਂ ਤੇ ਟਿੱਪਣੀਆਂ ਵੇਖੋ। [15]''ਨਿਹਚਾ ਨਾਲ ਭਰਪੂਰ'' ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ ਪਰ ਇਸ ਤੋਂ ਭਾਵ ਯੋਗਤਾਵਾਂ ਤੋਂ ਹੀ ਸੀ। ''ਨਿਹਚਾ ਅਤੇ ਪਵਿੱਤਰ ਆਤਮਾ ਨਾਲ ਭਰਪੂਰ'' ਸ਼ਬਦ ਤੋਂ ਪਤਾ ਲਗਦਾ ਹੈ ਕਿ ਉਹ ਰਸੂਲਾਂ ਦੁਆਰਾ ਠਹਿਰਾਈਆਂ ਗਈਆਂ ਯੋਗਤਾਵਾਂ ਨੂੰ ਪੂਰਾ ਕਰਦਾ ਸੀ (ਅਤੇ ਇਸ ਤੋਂ ਭਾਵ ਇਹ ਹੈ ਕਿ ਬਾਕੀ 6 ਵੀ ਇਸ ਯੋਗਤਾ ਨੂੰ ਪੂਰਾ ਕਰਦੇ ਸਨ)। [16]ਬਾਈਬਲ ਤੋਂ ਬਾਹਰ ਦੀ ਪਰੰਪਰਾ ਦੇ ਮੁਤਾਬਕ ਪ੍ਰੋਖੋਰੁਸ ਅੰਤਾਕੀਆ ਵਿਚ ਸ਼ਹੀਦ ਕੀਤਾ ਗਿਆ। [17]ਕਿਉਂਕਿ ਲੂਕਾ ਨੇ ਕਿਹਾ ਕਿ ਨਿਕਲਾਊਸ ''ਅੰਤਾਕੀਆ ਦਾ'' ਸੀ ਅਤੇ ਬਾਕੀ 6 ਦੇ ਬਾਰੇ ਉਹਨੇ ਇਸ ਤਰ੍ਹਾਂ ਦੀ ਜਾਣਕਾਰੀ ਨਹੀਂ ਦਿੱਤੀ, ਸ਼ਾਇਦ ਇਸ ਵਾਕਾਂਸ਼ ਦਾ ਕੁਝ ਮਹੱਤਵ ਹੈ। ਸ਼ਾਇਦ ਲੂਕਾ ਸੀਰੀਆ ਦੇ ਅੰਤਾਕੀਆ ਦੀ ਪਛਾਣ ਕਰਾ ਰਿਹਾ ਸੀ, ਜੋ ਪੌਲੁਸ ਦੀ ਮਿਸ਼ਨਰੀ ਗਤੀਵਿਧੀ ਦਾ ਮੁੱਖ ਸਥਾਨ ਹੋਣਾ ਸੀ। (ਅਤੇ, ਬਾਈਬਲ ਤੋਂ ਬਾਹਰ ਦੀ ਪਰੰਪਰਾ ਤੋਂ ਪਤਾ ਲਗਦਾ ਹੈ ਕਿ ਲੂਕਾ ਦਾ ਘਰ ਅੰਤਾਕੀਆ ਹੀ ਸੀ।) [18]ਨਿਕੁਲਾਈਆਂ ਦੇ ਪੰਥ (ਪ੍ਰਕਾਸ਼ ਦੀ ਪੋਥੀ 2:6, 15 ਵਿਚ ਇਸ ਦੀ ਨਿੰਦਾ ਕੀਤੀ ਗਈ) ਦਾ ਦਾਅਵਾ ਸੀ ਕਿ ਇਸ ਦੀ ਸ਼ੁਰੂਆਤ ਨਿਕੋਲਾਉਸ ਤੋਂ ਹੋਈ। ਹੋ ਸਕਦਾ ਹੈ ਇਹ ਪੰਥ ਆਪਣੀ ਗੱਲ ਨੂੰ ਰੱਖਣ ਲਈ ਸਿਰਫ਼ ਉਹਦਾ ਨਾਮ ਵਰਤਦਾ ਹੋਵੇ। [19]ਇਹ ਤੱਥ ਕਿ ਸੱਤਾਂ ਦੇ ਨਾਮ ਯੂਨਾਨੀ ਸਨ, ਆਪਣੇ ਆਪ ਵਿਚ ਇਹ ਸਾਬਤ ਨਹੀਂ ਕਰਦਾ ਕਿ ਉਹ ਸਭ ਯੂਨਾਨੀ ਭਾਸ਼ਾ ਭੋਲਣ ਵਾਲੇ ਯਹੂਦੀ ਸਨ; ਰਸੂਲਾਂ ਵਿੱਚੋਂ ਕਈਆਂ ਦੇ ਨਾਮ ਯੂਨਾਨੀ ਸਨ (ਅੰਦ੍ਰਿਆਸ, ਫ਼ਿਲਿੱਪੁਸ) ਪਰ ਫ਼ਿਲਿੱਪੁਸ ਦੇ ਇਲਾਵਾ, ਜ਼ਿਆਦਾਤਰ ਨਾਮ ਪ੍ਰਚੱਲਿਤ ਯੂਨਾਨੀ ਨਾਮ ਨਹੀਂ ਸਨ, ਜੋ ਫ਼ਲੀਸਤੀਨੀ ਯਹੂਦੀਆਂ ਲਈ ਢੁਕਦੇ ਹੋਣ। ਇਹ ਸੱਤ ਆਦਮੀ, ਹੋ ਸਕਦਾ ਹੈ ਕਿ ਯਰੂਸ਼ਲਮ ਦੀ ਕਲੀਸੀਆ ਵਿਚ ਯੂਨਾਨੀ ਭਾਸ਼ਾ ਬੋਲਣ ਵਾਲਿਆਂ ਦੇ ਆਗੂ ਹੋਣ। [20]ਲੂਈਸ ਫੋਸਟਰ, ਕਮੈਂਟਸ ਆਨ ਐਕਟਸ, *NIV ਸਟਡੀ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1985), 1654.

[21]ਇਬਰਾਨੀ ਯਹੂਦੀ ਬਹੁਗਿਣਤੀ ਵਿਚ ਹੋਣਗੇ। [22]ਇਹ ਹੋ ਸਕਦਾ ਹੈ ਕਿ ਉਨ੍ਹਾਂ ਸੱਤਾਂ ਦੀ ਚੋਣ ਸਿਰਫ਼ ਯੂਨਾਨੀ ਭਾਸ਼ਾ ਬੋਲਣ ਵਾਲੀਆਂ ਵਿਧਵਾਵਾਂ ਦੀ ਦੇਖਭਾਲ ਲਈ ਹੀ ਕੀਤੀ ਗਈ ਹੋਵੇ। ਸੰਦਰਭ ਇਸ ਸਥਿਤੀ ਦੇ ਪੱਖ ਵਿਚ ਹੈ ਕਿ ਉਨ੍ਹਾਂ ਨੂੰ ਖਾਣਾ ਵਰਤਾਉਣ ਦੇ ਪੂਰੇ ਕੰਮ ਲਈ ਠਹਿਰਾਇਆ ਗਿਆ ਸੀ (ਜਿਸ ਵਿਚ ਵਿਧਵਾਵਾਂ ਦੇ ਇਲਾਵਾ ਹੋਰ ਲੋਕ ਵੀ ਸ਼ਾਮਲ ਹੋਣਗੇ)। [23]ਇਹ ਸੰਭਾਵਨਾ ਵੀ ਹੈ ਕਿ ਸਾਰੀ ਮੰਡਲੀ ਨੇ ਉਨ੍ਹਾਂ ਸੱਤਾਂ ਤੇ ਹੱਥ ਰੱਖੇ ਹੋਣ ਪਰ ''ਉਨ੍ਹਾਂ ਨੇ'' ਤੋਂ ਪਹਿਲਾਂ ਦਾ ਪਦ ''ਰਸੂਲਾਂ'' ਹੀ ਹੈ। [24]ਅਗਲੇ ਇਕ ਭਾਗ ਵਿਚ ਰਸੂਲਾਂ ਦੇ ਕੰਮ 14:21-23 ਦੀਆਂ ਟਿੱਪਣੀਆਂ ਵੇਖੋ। [25]''ਤੇ ਹੱਥ ਰੱਖੇ'' ਸ਼ਬਦ ਦਾ ਅਰਥ ''ਫੜ ਕੇ'' (4:3) ਵੀ ਹੋ ਸਕਦਾ ਸੀ। ਇਹਦੇ ਇਲਾਵਾ ਪੁਰਾਣੇ ਨੇਮ ਵਿਚ ਪਛਾਣ ਲਈ ਪਸ਼ੂਆਂ ਤੇ ਹੱਥ ਰੱਖੇ ਜਾਂਦੇ ਸਨ (ਲੇਵੀਆਂ ਦੀ ਪੋਥੀ 1:4)। [26]ਕੁਝ ਸਮੇਂ ਬਾਅਦ ਹੀ ਇਸਤੀਫ਼ਾਨ ਅਤੇ ਫ਼ਿਲਿੱਪੁਸ ਨੂੰ ਅਚੰਭੇ ਕੰਮ ਕਰਨ ਦੀਆਂ ਸ਼ਕਤੀਆਂ ਪਾਏ ਹੋਏ ਵਿਖਾਇਆ ਗਿਆ ਸੀ (6:8; 8:6-8)। ਸਾਨੂੰ ਹੋਰ ਪੰਜਾਂ ਬਾਰੇ ਕੁਝ ਨਹੀਂ ਦੱਸਿਆ ਗਿਆ। ਜੇ ਇਸਤੀਫ਼ਾਨ ਅਤੇ ਫ਼ਿਲਿੱਪੁਸ ਨੇ ਕਲੀਸੀਆ ਦੇ ਵਿਸ਼ੇਸ਼ ਸੇਵਕ ਠਹਿਰਾਉਣ ਸਮੇਂ ਅਚੰਭੇ ਕੰਮ ਕਰਨ ਦੇ ਦਾਨ ਨਹੀਂ ਮਿਲੇ ਤਾਂ ਥੋੜ੍ਹੀ ਦੇਰ ਬਾਅਦ ਰਸੂਲਾਂ ਨੇ ਉਨ੍ਹਾਂ ਤੇ ਹੱਥ ਰੱਖੇ ਹੋਣਗੇ ਤਾਂ ਜੋ ਉਨ੍ਹਾਂ ਨੂੰ ਵੀ ਦਾਨ ਮਿਲ ਜਾਣ। [27]ਬਾਈਬਲ ਵਿਚ ਉੱਤਰਾਧਿਕਾਰੀ ਲਈ ਆਪਣੇ ਪੂਰਵਾਧਿਕਾਰੀ ਵਾਂਗ ਸ਼ਕਤੀਆਂ ਪਾਉਣਾ ਇਕ ਆਮ ਚਲਨ ਸੀ, ਜਿਸ ਤੋਂ ਇਹ ਪਤਾ ਲੱਗੇ ਕਿ ਖ਼ੁਦਾ ਉਹਦੇ ਨਾਲ ਵੀ ਸੀ ਜਿਵੇਂ ਉਹ ਉਹਦੇ ਪੂਰਵਾਧਿਕਾਰੀ ਦੇ ਨਾਲ ਸੀ। ਸ਼ਾਇਦ ਇਹਨਾਂ ਸੱਤਾਂ ਨੂੰ ਖ਼ਾਸ ਅਚੰਭੇ ਕੰਮ ਕਰਨ ਦੀਆਂ ਸ਼ਕਤੀਆਂ ਇਹ ਵਿਖਾਉਣ ਲਈ ਦਿੱਤੀਆਂ ਗਈਆਂ ਸਨ ਕਿ ਖ਼ੁਦਾ ਉਨ੍ਹਾਂ ਨਾਲ ਵੀ ਉਵੇਂ ਹੀ ਸੀ ਜਿਵੇਂ ਉਹ ਉਨ੍ਹਾਂ ਬਾਰਾਂ ਨਾਲ ਸੀ। [28]ਅਮਰੀਕਾ ਵਿਚ ਕਿਸੇ ਨੂੰ ਹਮਾਇਤ ਦੇਣ ਲਈ ਕਿਸੇ ਦੇ ਹੱਥ ਹਿਲਾਉਣ ਜਾਂ ਉਹਦੀ ਪਿੱਠ ਥਾਪੜੀ ਜਾਂਦੀ ਹੈ। ਮੈਂ ਆਮ ਤੌਰ ਤੇ ਮੰਡਲੀ ਨੂੰ ਬੰਦਗੀ ਦੇ ਅਖ਼ੀਰ ਵਿਚ ਨਵੇਂ ਆਗੂਆਂ ਦੀ ਹਮਾਇਤ ਲਈ ਉਨ੍ਹਾਂ ਨਾਲ ਹੱਥ ਮਿਲਾ ਕੇ ਜਾਂ ਉਨ੍ਹਾਂ ਦੀ ਪਿੱਠ ਤੇ ਥਾਪੀ ਦੇ ਕੇ ''ਆਪਣੇ ਹੱਥ ਰੱਖਣ'' ਲਈ ਉਤਸ਼ਾਹਿਤ ਕਰਦਾ

ਹਾਂ। [29]ਕਈ ਵਾਰ ਇਹ ਐਲਡਰਾਂ ਦੀ ਗਲਤੀ ਹੁੰਦੀ ਹੈ ਜੋ ਉਨ੍ਹਾਂ ਦੀ ਅਗਵਾਈ ਦੇ ਢੰਗ ਦਾ ਕਾਰਣ ਹੈ। ਕਈ ਵਾਰ
ਇਹ ਡੀਕਨਾਂ ਦੀ ਗਲਤੀ ਹੁੰਦੀ ਹੈ, ਉਹ ਆਪਣੇ ਕੰਮਾਂ ਦੀ ਪੂਰੀ ਜ਼ਿੰਮੇਵਾਰੀ ਕਬੂਲ ਕਰਨ ਦੀ ਇੱਛਾ ਨਹੀਂ ਰੱਖਦੇ।
[30]ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਉਸ ਸਮੇਂ ਦੇ ਮੁਤਾਬਕ ਅਠਾਰਾਂ ਹਜ਼ਾਰ ਯਾਜਕ ਅਤੇ ਲੇਵੀ ਸਨ। ਇਹਨਾਂ
ਵਿੱਚੋਂ ਕੁਝ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਪਿਤਾ ਜ਼ਕਰਯਾਹ ਵਾਂਗ ਈਮਾਨਦਾਰ ਅਤੇ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ
ਸਨ (ਲੂਕਾ 1:5, 6)। ਇਹਦੇ ਬਾਰੇ ਵੀ ਕਾਫ਼ੀ ਸੋਚ ਵਿਚਾਰ ਹੈ ਕਿ ਕੀ ਇਹ ਬਦਲੇ ਹੋਏ ਯਾਜਕ ਹੈਕਲ ਵਿਚ ਸੇਵਾ
ਕਰਦੇ ਰਹੇ ਜਾਂ ਨਹੀਂ। ਮੈਨੂੰ ਇਹਦਾ ਕੋਈ ਕਾਰਣ ਨਹੀਂ ਲਗਦਾ ਕਿ ਉਹ ਕਰਦੇ ਰਹੇ ਹੋਣਗੇ। ਜੇ ਕਰਦੇ ਵੀ ਰਹੇ ਤਾਂ
ਉਨ੍ਹਾਂ ਨੇ ਇਸ ਸਪਸ਼ਟ ਸਿੱਖਿਆ ਦੇ ਕਿ ‘‘ਅੱਤ ਮਹਾਨ, ਹੱਥਾਂ ਦੇ ਬਣਾਏ ਹੋਏ ਘਰਾਂ ਵਿਚ ਨਹੀਂ ਰਹਿੰਦਾ’’ (ਤੁਲਨਾ
7:48) ਉਲਟ ਕੀਤਾ। ਫਿਰ ਜੇ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਯਰੂਸ਼ਲਮ ਤੋਂ ਮਸੀਹੀ ਲੋਕਾਂ ਦੇ ਖਿੰਡ ਜਾਣ ਦੇ ਸਮੇਂ
(8:1-4), ਉਨ੍ਹਾਂ ਨੇ ਆਪਣੇ ਕੰਮ ਅਤੇ ਮਸੀਹ ਲਈ ਕਾਇਮ ਰਹਿਣ ਵਿੱਚੋਂ ਇਕ ਨੂੰ ਚੁਣਦਾ ਸੀ।

[31]ਇਹ ਸੰਖੇਪ ਕਥਨ ਦਸਦਾ ਹੈ ਕਿ ਲੋਕ ਵਿਸ਼ਵਾਸ ਲਿਆ ਕੇ ਹੀ ਮਸੀਹੀ ਨਹੀਂ ਬਣੇ। ਉਨ੍ਹਾਂ ਦੇ ਵੱਲੋਂ ਵਚਨ
ਨੂੰ ਗ੍ਰਹਿਣ ਕਰਨ ਲਈ ਹੁਕਮ ਮੰਨਣਾ ਜ਼ਰੂਰੀ ਸੀ। ਕਈ ਲੋਕ ਇਸ ਦੇ ਅਸਰ ਤੋਂ ਬਚਣ ਲਈ ਕਿ ਇਸ ਵਾਕਾਂਸ਼ ਦਾ
ਅਰਥ ‘‘ਆਗਿਆਕਾਰਿਤਾ ਜਿਸ ਵਿਚ ਵਿਸ਼ਵਾਸ ਹੈ’’ ਦੱਸਦੇ ਹੈ। ਪਰ ਮੂਲ ਲਿਖਤ ਵਿਚ ‘‘ਯਾਜਕ ... ਇਸ ਮੱਤ
ਦੇ ਅਧੀਨ *ਹੋ ਗਏ*’’ ਹੈ। ਇੱਥੇ ‘‘ਮੱਤ’’ ਤੋਂ ਭਾਵ ਯਿਸੂ ਮਸੀਹ ਵਿਚ ਵਿਸ਼ਵਾਸ ਤੇ ਕੇਂਦਰਤ ਸਿੱਖਿਆ ਹੈ। ਦੂਜੇ
ਸ਼ਬਦਾਂ ਵਿਚ ਮੱਤ ਨਵੇਂ ਨੇਮ ਨੂੰ ਕਿਹਾ ਗਿਆ ਹੈ (ਵੇਖੋ ਯਹੂਦਾ 3)। ਯਾਜਕ ਉਹ ਸਭ ਕੁਝ ਕਰਨ ਦੇ ਚਾਹਵਾਨ ਸਨ
ਜੋ ਯਿਸੂ ਉਨ੍ਹਾਂ ਤੋਂ ਚਾਹੁੰਦਾ ਸੀ ਕਿ ਉਹ ਕਰਨ ਇਸ ਵਿਚ ਬਪਤਿਸਮਾ ਲੈਣਾ ਵੀ ਸ਼ਾਮਲ ਸੀ (2:38)।